# ਭਾਈ ਜਸਬੀਰ ਸਿੰਘ ਜੀ ਖਾਲਸਾ

## ਜੀ ਦੇ

## ਸਿਮਰਨ ਬਾਰੇ ਕੁਝਕੁ ਬਚਨ

ਦੁਖ ਸਮੇਂ ਅਰਦਾਸ, ਸੁਖ ਸਮੇਂ ਸ਼ੁਕਰਾਨਾ
ਅਤੇ ਹਰ ਸਮੇਂ ਕਰੀ ਜਾਣਾ **ਸਿਮਰਨ** ।
ਅਰਦਾਸ ਸਮੇਂ ਹਜ਼ੂਰੀ ਬਣਾਈ ਰਖਣਾ
ਤੇ ਬਣਾਈ ਰਖਣਾ ਹਜ਼ੂਰੀ ਸ਼ੁਕਰਾਨੇ ਸਮੇਂ
ਵੀ । ਜੇ ਦੁਖਾਂ ਵਿਚ ਅਰਦਾਸ ਸਮੇਂ, ਸੁਖਾਂ ਵਿਚ
ਸ਼ੁਕਰਾਨੇ ਸਮੇਂ ਤੇ ਸਿਮਰਨ ਵਿਚ, ਹਰ ਸਮੇਂ,
ਉਸ ਦੀ ਹਜ਼ੂਰੀ ਬਣੀ ਰਵੇ ਤਾਂ ਸੁਖ ਹੀ ਸੁਖ
ਹੋਸਣ । ਪਤਾ ਜੇ ? ਪਰਮੇਸ਼ਰ ਦੀ ਸ਼ਰਨਾਗਤ
ਵਿਚ ਪਰਮੇਸ਼ਰ ਦੀ ਹਜ਼ੂਰੀ ਵਿਚ ਦੁਖ ਹੁੰਦੇ ਹੀ
ਨਹੀਂ ।

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ
ਭਾਈ ॥ ੧ ॥ (੮੧੯)

ਜਿਵੇਂ ਲਹਿਰ ਸਮੁੰਦਰ ਚੋਂ ਜਨਮ ਲੈ ਸਮੁੰਦਰ ਵਿਚ ਹੀ ਸਮਾ ਜਾਂਦੀ ਹੈ । ਜਿਵੇਂ ਸੂਰਜ ਦੀ ਕਿਰਨ, ਸੂਰਜ ਤੋਂ ਜਨਮ ਲੈ ਸੂਰਜ ਵਿਚ ਹੀ ਸਮਾ ਜਾਂਦੀ ਹੈ ।

ਸੂਰਜ ਤੋਂ ਉਪਜੀ ਕਿਰਨ ਦਾ, ਜਿਤਨੀ ਦੇਰ ਤੱਕ ਉਹ ਜੀਵਤ ਹੈ, ਸੂਰਜ ਕਰਕੇ ਹੀ ਉਸ ਦਾ ਜੀਵਨ ਹੈ ਤੇ ਮੁੜ ਉਸਦਾ ਅੰਤ ਵੀ ਸੂਰਜ ਵਿਚ ਹੀ ਹੈ ।

ਸਾਹਿਬ ਕਹਿੰਦੇ, "ਹੇ ਬੰਦੇ ਤੇਰਾ ਤਾਂ ਜਨਮ ਹੀ ਪ੍ਰਭੂ ਸਿਮਰਨ ਚੋਂ ਹੋਇਆ ਏ, ਜੇ ਤੇਰਾ ਜੀਉਣਾ ਵੀ ਪ੍ਰਭੂ ਸਿਮਰਨ ਵਿਚ ਹੋਵੇ ਤੇ ਕਮਾਉਣਾ ਵੀ ਪ੍ਰਭੂ ਸਿਮਰਨ ਵਿਚ ਤਾਂ ਤੇਰਾ ਅੰਤ ਸਮਾਂ ਵੀ ਪ੍ਰਭੂ ਸਿਮਰਨ ਵਿਚ ਹੀ ਹੋਵੇਗਾ । ਜੋਤ ਨਾਲ ਜੋਤ ਮਿਲ ਜਾਏਗੀ ।

ਨਿਸ਼ਚੇ ਹੀ ਅਭੇਦਤਾ ਪ੍ਰਾਪਤ ਹੋਏਗੀ ।

ਗੁਰਸਿਖ ਵੀਰੋ ! ਆਉ, 'ਸੇਵਾ' ਤੇ 'ਸਿਮਰਨ' ਦਾ ਦੀਪਕ ਫੜ ਕੇ ਹਨੇਰੇ ਵਿਚ ਟੁਰਦੀ ਕੌਮ ਦਾ ਰਾਹ ਰੁਸ਼ਨਾਈਏ ।

"ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ॥" (੧੧੮੫

**ਨਿਸ਼ਚੇ ਨਾਲ** "ਗੁਰਸਿੱਖ" ਦੇ ਮਗਰ ਲਗ ਜਾਉ, ਤੁਹਾਨੂੰ "ਗੁਰੂ" ਕੋਲ ਲੈ ਜਾਏਗਾ। **ਨਿਸ਼ਚੇ ਨਾਲ** "ਗੁਰੂ" ਦੇ ਮਗਰ ਲਗ ਜਾਉ, ਤੁਹਾਨੂੰ "ਨਿਰੰਕਾਰ" ਕੋਲ ਲੈ ਜਾਏਗਾ।

ਕਿਵੇਂ ?

ਨਿਸ਼ਚਾ ਰਖਣਾ ਗੁਰਸਿੱਖ ਦਾ ਗੁਰੁ ਤੇ
ਗੁਰੂ ਦਾ ਨਿਰੰਕਾਰ ਤੋਂ ਵੱਖਰਾ ਹੋਰ ਕੋਈ ਟਿਕਾਣਾ
ਹੈ ਹੀ ਨਹੀਂ।

"ਸੱਚੇ ਸੇਵਕ" ਨੂੰ ਨਿਸ਼ਚਾ ਹੈ ਕਿ ਸੇਵਾ ਦੇ ਬ੍ਰਿਛ ਨੂੰ ਹੀ "ਸੇਵਾ" ਦਾ ਫਲ ਲਗਦਾ ਹੈ। ਤੇ ਸਿਮਰਨ ਨੂੰ ਸਿਮਰਨ ਦਾ ਹੀ ਫਲ।

**"ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ**
**ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ**

ਹਿਰਦੇ ਵਿਚ 'ਨਿਮਰਤਾ' ਤੇ 'ਗਰੀਬੀ' ਦੀ 'ਦਾਤ'
ਕੇਵਲ ਗੁਰਮੁਖ ਹਿਰਦੇ ਨੂੰ ਹੀ 'ਸੇਵਾ' ਤੇ
'ਸਿਮਰਨ' ਦੁਆਰਾ ਪ੍ਰਾਪਤ ਹੁੰਦੀ ਹੈ ।

ਹੋਰ ਕਿਸੇ ਜੁਗਤ ਦੁਆਰਾ ਨਹੀਂ ।

*************************

ਰਸਨਾ ਦੁਆਰਾ ਸਿਮਰਨ ਕਰਨ ਵਾਲਿਉ, ਬੋਲੋ
'ਵਾਹਿਗੁਰੂ' ਇਕ ਵਾਰੀ ਫੇਰ ਬੋਲੋ 'ਵਾਹਿਗੁਰੂ'

ਤੇ ਹੁਣ ਜਿਸ ਰਸਨਾ ਨਾਲ ਤੁਸੀਂ ਪਰਮੇਸ਼ਰ ਦਾ
ਸਿਮਰਨ ਕੀਤਾ ਹੈ, ਨਿਰੰਕਾਰ ਦੀ ਉਸਤਤ ਕੀਤੀ ਹੈ,

ਇਸ ਸੁਚੀ ਰਸਨਾ ਨਾਲ ਹੁਣ ਕਦੇ ਕਿਸੇ ਨੂੰ
ਕੌੜਾ ਨਾ ਬੋਲਣਾ । ਬੁਰਾ ਨਾ ਕਹਿਣਾ । ਬੁਰਾ
ਬੋਲ ਕੇ ਇਸ ਸੁਚੀ ਰਸਨਾ ਨੂੰ ਜੂਠਾ ਨਾ ਕਰ ਲੈਣਾ ।

"ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥"
(੮੧੧)

## ਜੀਵਨ ਰੂਪ ਸਿਮਰਨ ਪ੍ਰਭ ਤੇਰਾ

ਅਗਿਆਨਤਾ ਦਾ ਵਿਨਾਸ਼ ਹੀ,
ਜੀਵਨ ਦਾ ਪ੍ਰਕਾਸ਼ ਹੈ ।
ਜੀਵਨ ਦਾ ਪ੍ਰਕਾਸ਼ ਜੀਵਨ ਬਨਾਉਣ ਵਾਲੇ
ਪਰਮਾਤਮਾ ਦਾ ਸਿਮਰਨ ਹੈ ।
ਸਿਮਰਨ ਕਰਨ ਨਾਲ ਹਉਮੈ ਦਾ
ਵਿਨਾਸ਼ ਹੋ ਜਾਂਦਾ ਹੈ ।
ਹਉਮੈ ਦਾ ਵਿਨਾਸ ਮਨੁਖ ਨੂੰ
ਪੂਰਨ ਰੂਪ ਦੇਂਦਾ ਹੈ ।
ਇਸ ਲਈ ਹਮੇਸ਼ਾਂ ਯਾਦ ਰੱਖਣਾ :-

"ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥
ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥"